# NHS COVID-19 APP ਡਾਊਨਲੋਡ ਕਰਨ ਲਈ ਐਂਡ੍ਰੋਇਡ ਗਾਈਡ

GIG CYMRU NHS WALES | Profi Olrhain Diogelu | Test Trace Protect

NHS Test and Trace




ਆਪਣਾ ਫੋਨ ਅਨਲੱਕ ਕਰੋ। “ਪਲੇ ਸਟੋਰ” ਨਾਮਕ ਐਪ ਖੋਜਣ ਲਈ ਆਪਣਾ ਫੋਨ ਸਕ੍ਰੌਲ ਕਰੋ। ਐਪ ਉਪਰੋਕਤ ਤਸਵੀਰ ਵਰਗੀ ਲੱਗਦੀ ਹੈ। ਇਸਨੂੰ ਲਾਂਚ ਕਰਨ ਲਈ ਟੈਪ ਕਰੋ।




ਸਕ੍ਰੀਨ ਦੇ ਸਿਖਰ ‘ਤੇ, ਤੁਸੀਂ ਇੱਕ ਖੋਜ ਬਾਕਸ ਦੇਖ ਸਕਦੇ ਹੋ ਜੋ “ਐਪਸ ਅਤੇ ਗੇਮਸ ਖੋਜੋ” ਪੜ੍ਹਦਾ ਹੈ। ਇਸ ਸਰਚ ਬਾਕਸ ‘ਤੇ ਟੈਪ ਕਰੋ।




“NHS COVID-19” ਟਾਈਪ ਕਰੋ। ਹੇਠਾਂ ਦਿੱਤਾ ਖੋਜ ਬਾਕਸ ਤੁਸੀਂ ਨਤੀਜਿਆਂ ਦੀ ਇੱਕ ਸੂਚੀ ਦੇਖੋਗੇ। “NHSCOVID-19” ਨਾਮ ਨਾਲ ਨਤੀਜੇ ‘ਤੇ ਟੈਪ ਕਰੋ।




ਆਪਣੀ ਸਕ੍ਰੀਨ ‘ਤੇ ਤੁਸੀਂ ਹੁਣ COVID 19 App ਦਾ ਵੇਰਵਾ ਦੇਖ ਸਕਦੇ ਹੋ। “ਇੰਸਟੌਲ” ਬਟਨ ‘ਤੇ ਟੈਪ ਕਰੋ।




ਜੇ ਇਹ ਕੰਮ ਨਹੀਂ ਕਰਦਾ, ਤਾਂ ਨਿਰਦੇਸ਼ ਲਈ NHS COVID-19 App ਵੈਬਸਾਈਟ **www.covid19.nhs.uk** ‘ਤੇ ਮਦਦ ਲਈ “ਟ੍ਰਬਲ-ਸ਼ੂਟਿੰਗ” ‘ਤੇ ਜਾਓ।




ਹੁਣ ਬਲੂਟੂਥ ਸਵਿੱਚ ਆੱਨ ਕਰਨ ਦਾ ਸਮਾਂ ਹੈ ਤਾਂਕਿ ਐਪ ਕੰਮ ਕਰ ਸਕੇ। ਅਜਿਹਾ ਕਰਨ ਲਈ ਪਹਿਲਾਂ “ਸੈਟਿੰਗਾਂ” ਐਪ ਖੋਜੋ ਅਤੇ ਇਸ ‘ਤੇ ਟੈਪ ਕਰੋ।




ਆਪਣੇ ਫੋਨ ਦੇ ਮਾਡਲ ਦੇ ਆਧਾਰ ‘ਤੇ “ਕਨੈਕਟਿਡ ਡਿਵਾਇਸਿਜ਼” ਜਾਂ “ਕਨੈਕਸ਼ਨਜ਼” ਦਾ ਪਤਾ ਲਗਾਉਣ ਲਈ ਸੂਚੀ ਹੇਠਾਂ ਸਕ੍ਰੌਲ ਕਰੋ ਅਤੇ ਇਸ ‘ਤੇ ਟੈਪ ਕਰੋ।




ਅੱਗੇ, ਸੂਚੀ ਹੇਠਾਂ ਸਕ੍ਰੌਲ ਕਰੋ। ਜਾਂ ਤਾਂ “ਕਨੈਕਟਿਡ ਤਰਜ਼ੀਹਾਂ” ਜਾਂ “ਬਲੂਟੂਥ” ਖੋਜੋ ਅਤੇ ਇਸ ‘ਤੇ ਟੈਪ ਕਰੋ।

# NHS COVID-19 APP ਡਾਊਨਲੋਡ ਕਰਨ ਲਈ ਐਂਡ੍ਰੋਇਡ ਗਾਈਡ

GIG CYMRU NHS WALES | Profi Olrhain Diogelu | Test Trace Protect

NHS Test and Trace




ਜੇ ਤੁਸੀਂ ਅੰਤਿਮ ਚਰਨ ਵਿੱਚ "ਕਨੈਕਟਿਡ ਤਰਜ਼ੀਹਾਂ" 'ਤੇ ਟੈਪ ਕੀਤਾ ਹੈ, ਤਾਂ ਹੁਣ "ਬਲੂਟੂਥ" ਖੋਜੋ ਅਤੇ ਇਸ 'ਤੇ ਟੈਪ ਕਰੋ। ਜੇ ਤੁਸੀਂ ਬਲੂ-ਟੂਥ 'ਤੇ ਟੈਪ ਕੀਤਾ ਹੈ, ਤਾਂ ਤੁਹਾਨੂੰ ਇਹ ਵਾਧੂ ਚਰਨ ਨਹੀਂ ਕਰਨਾ ਪਵੇਗਾ।




ਸੱਜੇ ਪਾਸੇ ਸਲਾਇਡਰ 'ਤੇ ਟੈਪ ਕਰਕੇ ਬਲੂਟੂਥ ਸਵਿੱਚ ਕਰੋ। ਤੁਸੀਂ ਇਸਨੂੰ ਦੇਖ ਸਕਦੇ ਹੋ ਜੇ ਸਲਾਇਡਰ ਦਾ ਰੰਗ ਬਦਲਦਾ ਹੈ।




ਆਪਣੇ ਫੋਨ ਦੀ ਹੋਮ ਸਕ੍ਰੀਨ 'ਤੇ ਵਾਪਸ ਜਾਣ ਲਈ ਹੋਮ ਬਟਨ ਦਬਾਓ ਜਾਂ ਸਵਾਇਪ ਕਰੋ ਜਿੱਥੇ ਤੁਸੀਂ ਆਪਣੇ ਸਾਰੇ ਐਪਸ ਦੇਖ ਸਕਦੇ ਹੋ। NHS COVID-19 App ਖੋਜ ਅਤੇ ਇਸਨੂੰ ਲਾਂਚ ਕਰਨ ਲਈ ਇਸ 'ਤੇ ਟੈਪ ਕਰੋ।




ਐਪ ਦੀ ਸੈਟਿੰਗ-ਅਪ ਪੂਰੀ ਕਰਨ ਲਈ ਚਰਨਾਂ ਦਾ ਪਾਲਣ ਕਰੋ। ਇਸ ਵਿੱਚ "ਐਕਸਪੋਸਰ ਲੱਗਿੰਗ" ਦੀ ਇਜਾਜ਼ਤ ਦੇਣਾ ਸ਼ਾਮਲ ਹੈ ਜੋ ਇਹ ਪਹਿਚਾਣ ਕਰਨ ਲਈ ਵਰਤਿਆ ਜਾਂਦਾ ਹੈ ਕਿ ਤੁਸੀਂ ਖ਼ਤਰੇ 'ਤੇ ਹੋ ਜਾਂ ਨਹੀਂ।




ਜਦੋਂ ਤੁਸੀਂ ਸੈਟ ਅਪ ਪੂਰਾ ਕਰਦੇ ਹੋ, ਤਾਂ ਤੁਹਾਡੀ NHS COVID-19 App ਅਪ ਹੈ ਅਤੇ ਚੱਲ ਰਹੀ ਹੈ।




ਤੁਸੀਂ ਆਪਣੇ ਫੋਨ ਨੂੰ ਆਮ ਵਾਂਗ ਵਰਤ ਸਕਦੇ ਹੋ, ਹਾਲਾਂਕਿ ਇਹ ਯਕੀਨੀ ਬਣਾਓ ਕਿ ਐਪ ਬੈਕਗਰਾਊਂਡ ਵਿੱਚ ਚੱਲ ਰਹੀ ਹੋਵੇ ਅਤੇ ਬਲੂ-ਟੂਥ ਚਾਲੂ ਹੋਵੇ। ਐਪ ਤੁਹਾਡਾ ਜਗ੍ਹਾ ਟ੍ਰੈਕ ਨਹੀਂ ਕਰੇਗੀ।